**ਸਮੈਸਟਰ-2**

**ਮਾਡਲ ਟੈਸਟ ਪੇਪਰ-ਦਸਵੀਂ ਸ਼੍ਰੇਣੀ**

**ਵਿਸ਼ਾ-ਖੇਤੀਬਾੜੀ (ਲਿਖਤੀ)**

**ਸਮਾਂ : 3 ਘੰਟੇ** **ਕੁਲ ਅੰਕ : 60**

**ਕੁੱਲ 25 ਪ੍ਰਸ਼ਨ ਹਨ। ਸਾਰੇ ਪ੍ਰਸ਼ਨ ਜਰੂਰੀ ਹਨ।**

**ਪ੍ਰਸ਼ਨ 1-10 ਤੱਕ 1-1 ਅੰਕ ਦੇ ਹਨ।**

**ਪ੍ਰਸ਼ਨ 11-20 ਤੱਕ 2-2 ਅੰਕਾਂ ਦੇ ਹਨ।**

**ਪ੍ਰਸ਼ਨ 21-25 ਤੱਕ 6-6 ਅੰਕਾਂ ਦੇ ਹਨ। ਇਹਨਾਂ ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਹੋਵੇਗੀ।**

ਪ੍ਰਸ਼ਨ 1. ਜਿਆਦਾ ਕਰਕੇ ਕਿਹੜੀ ਗੈਸ ਵਸਤੂਆਂ ਨੂੰ ਠੰਡਾ ਕਰਨ ਲਈ ਵਰਤੀ ਜਾਂਦੀ ਹੈ ?

ਪ੍ਰਸ਼ਨ 2. ਖੇਤੀਬਾੜੀ ਵਿਭਾਗ, ਪੰਜਾਬ ਦਾ ਸਦਰ ਮੁਕਾਮ ਕਿੱਥੇ ਹੈ ?

ਪ੍ਰਸ਼ਨ 3. ਅੰਤਰ-ਰਾਸ਼ਟਰੀ ਵਪਾਰ ਸੰਸਥਾ ਦੀ ਖੇਤੀ ਵਸਤਾਂ ਨਾਲ ਸੰਬੰਧਤ ਐਗਰੀਮੈਂਟ ਦਾ ਨਾਮ ਦੱਸੋ।

ਪ੍ਰਸ਼ਨ 4. ਆਈ.ਆਰ.ਡੀ.ਪੀ (I.R.D.P) ਸਕੀਮ ਅਧੀਨ ਕਰਜਾ ਦੇਣ ਵਾਲੇ ਅਦਾਰੇ ਦਾ ਨਾਂ ਦੱਸੋ।

ਪ੍ਰਸ਼ਨ 5. ਦੋ-ਫਸਲੀ ਚੱਕਰ ਦੀ ਇੱਕ ਉਦਾਹਰਣ ਦਿਓ।

ਪ੍ਰਸ਼ਨ 6. ਕੀੜੇ ਲਗੇ ਦਾਣਿਆਂ ਦੇ ਇਲਾਜ ਲਈ ਵਰਤੀ ਜਾਂਦੀ ਕਿਸੇ ਇਕ ਦਵਾਈ ਦਾ ਨਾਂ ਦੱਸੋ।

ਪ੍ਰਸ਼ਨ 7. ਗੋਬਰ ਗੈਸ ਦਾ ਸਭ ਤੋਂ ਵੱਡਾ ਸੋਮਾ ਕੀ ਹੈ ?

ਪ੍ਰਸ਼ਨ 8. ਨਿੰਬੂ ਜਾਤੀ ਦੇ ਦੋ ਫਲਾਂ ਦੇ ਨਾਂ ਦੱਸੋ।

ਪ੍ਰਸ਼ਨ 9. ਚੂਹੇ ਮਾਰਨ ਲਈ ਵਰਤੇ ਜਾਣ ਵਾਲੇ ਕਿਸੇ ਇੱਕ ਰਸਾਇਣ ਦਾ ਨਾਂ ਦੱਸੋ।

ਪ੍ਰਸ਼ਨ 10. ਪੰਜਾਬ ਖੇਤੀਬਾੜੀ ਯੂਨਿਵਰਸਿਟੀ ਵਿੱਚ ਕੁੱਲ ਕਿੰਨੇ ਪਲਾਂਟ ਕਲੀਨਿਕ ਸਥਾਪਿਤ ਹਨ।

ਪ੍ਰਸ਼ਨ 11. ਪੈਸਚੂਰਾਈਜਡ ਦੁੱਧ ਕੀ ਹੁੰਦਾ ਹੈ?

ਪ੍ਰਸ਼ਨ 12. ਦੁੱਧ ਤੋਂ ਵੈਵਿਟ ਕਿਵੇਂ ਬਣਾਇਆ ਜਾਂਦਾ ਹੈ ?

ਪ੍ਰਸ਼ਨ: 13. ਆਲੂਆਂ ਤੋਂ ਬਾਅਦ ਸੂਰਜਮੁਖੀ ਅਤੇ ਕਣਕ ਬੀਜਣਾ ਕਿਉਂ ਲਾਹੇਵੰਦ ਹੈ?

ਪ੍ਰਸ਼ਨ: 14. ਗੋਦਾਮਾਂ ਜਾਂ ਢੋਲਾਂ ਨੂੰ ਕੀੜਿਆਂ ਤੋਂ ਕਿਵੇਂ ਮੁਕਤ ਕੀਤਾ ਜਾ ਸਕਦਾ ਹੈ?

ਪ੍ਰਸ਼ਨ: 15. ਬਾਇਓਗੈਸ ਦੇ ਕੋਈ ਚਾਰ ਲਾਭ ਦੱਸੋ?

ਪ੍ਰਸ਼ਨ: 16. ਡਰਨੇ ਤੋਂ ਕੀ ਭਾਵ ਹੈ? ਫਸਲਾਂ ਦੀ ਰਾਖੀ ਵਿੱਚ ਇਸ ਦੀ ਕੀ ਭੂਮਿਕਾ ਹੈ?

ਪ੍ਰਸ਼ਨ: 17. ਮਿੱਤਰ ਪੰਛੀ ਫਸਲਾਂ ਦੀ ਰਾਖੀ ਵਿੱਚ ਕਿਸਾਨ ਦੀ ਕਿਵੇਂ ਮਦਦ ਕਰਦੇ ਹਨ?

ਪ੍ਰਸ਼ਨ: 18. ਕੁਦਰਤੀ ਊਰਜਾਂ ਸੋਮੇਂ ਕਿੰਨੀ ਪ੍ਰਕਾਰ ਦੇ ਹੁੰਦੇ ਹਨ। ਉਦਾਹਰਣ ਸਹਿਤ ਸਪੱਸ਼ਟ ਕਰੋ?

ਪ੍ਰਸ਼ਨ: 19. ਪਲਾਂਟ ਕਲੀਨਿਕ ਕੀ ਹੈ?

ਪ੍ਰਸ਼ਨ: 20. ਇਕਨਾਮਿਕ ਥਰੈਸ਼ਹੋਲਡ ਤੋਂ ਕੀ ਭਾਵ ਹੈ?

ਪ੍ਰਸ਼ਨ: 21. ਪਲਾਂਟ ਕਲੀਨਿਕ ਦੇ ਕੀ ਲਾਭ ਹਨ? ਘੱਟੋਂ ਘੱਟ ਛੇ ਲਾਭਾਂ ਦੇ ਵਰਨਣ ਕਰੋ।

ਜਾਂ

ਜਹਿਰੀਲਾ ਚੋਗਾ ਤਿਆਰ ਕਰਨ ਦੀਆਂ ਦੋ ਵਿਧੀਆਂ ਬਾਰੇ ਵਿਸਥਾਰ ਨਾਲ ਲਿਖੋ?

ਪ੍ਰਸ਼ਨ: 22. ਬਾਇਓ ਗੈਸ ਪਲਾਂਟ ਕਿੰਨੀ ਕਿਸਮ ਦੇ ਹੁੰਦੇ ਹਨ। ਦੀਨ-ਬੰਧੂ ਗੈਸ ਪਲਾਂਟ ਦਾ ਵਰਨਣ ਕਰੋ?

ਜਾਂ

ਭੋਜਨ ਪਕਾਉਣ ਲਈ ਸੋਲਰ ਕੁੱਕਰ ਦੀ ਵਰਤੋਂ ਕਿਵੇਂ ਹੁੰਦੀ ਹੈ। ਵਿਸਥਾਰ ਸਹਿਤ ਵਰਨਣ ਕਰੋ।

ਪ੍ਰਸ਼ਨ: 23. ਖੇਤੀ ਅਧਾਰਿਤ ਧੰਦਿਆਂ ਉੱਤੇ ਇੱਕ ਵਿਸਥਾਰ ਨੋਟ ਲਿਖੋ?

ਜਾਂ

ਅਨਾਜ ਭੰਡਾਰਨ ਪੱਕੀ ਕੋਠੀ ਬਣਾਉਣ ਸਮੇਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?

ਪ੍ਰਸ਼ਨ 24. ਦੁੱਧ ਤੋਂ ਦੁੱਧ ਦੀਆਂ ਵਸਤਾਂ ਤਿਆਰ ਕਰਕੇ ਵੇਚਣਾ ਕਿਉਂ ਲਾਭਦਾਇਕ ਹੈ?

ਜਾਂ

ਡੇਅਰੀ ਪ੍ਰੋਸੈਸਿੰਗ ਦੇ ਵਿਕਾਸ ਲਈ ਧਿਆਨ ਯੋਗ ਗੱਲਾਂ ਬਾਰੇ ਤੁਸੀਂ ਕੀ ਜਾਣਦੇ ਹੋ ?

ਪ੍ਰਸ਼ਨ 25. ਸਟੋਰੇਜ ਕਮ ਕੁਲੈਕਟਰ ਸੋਲਰ ਵਾਟਰ ਹੀਟਰ ਬਾਰੇ ਤੁਸੀਂ ਕੀ ਜਾਣਦੇ ਹੋ ? ਵਿਸਥਾਰ ਸਹਿਤ ਲਿਖੋ।

ਜਾਂ

ਤਿੰਨ ਅਦਾਰਿਆਂ ਦੇ ਨਾਮ ਲਿਖੋ ਜਿਨ੍ਹਾਂ ਪਾਸੋਂ ਖੇਤੀ ਅਧਾਰਿਤ ਧੰਦੇ ਸ਼ੁਰੂ ਕਰਨ ਲਈ ਕਰਜਾ ਮਿਲ ਸਕਦਾ ਹੈ ?